# ਇਹ ਹਮਾਰਾ ਜੀਵਣਾ

2.11.96

ਗੁਰਸ਼ਰਨ ਸਿੰਘ

**ਲੋਕਾਂ ਦਾ ਸਵਾਲ ਪੁੱਛਣਾ ਹੱਕ ਬਣਦਾ ਹੈ :** ਹੁਣ ਇਹ ਸਾਫ਼ ਹੈ ਕਿ ਭਾਰਤ ਵਿਚ ਆਰਥਕ ਨੀਤੀਆਂ ਉਹੀ ਚੱਲਣੀਆਂ ਹਨ ਜੋ ਵਿਸ਼ਵ ਬੈਂਕ ਵੱਲੋਂ ਤਹਿ ਕੀਤੀਆਂ ਜਾਣਗੀਆਂ। ਭਾਰਤ ਦੇ ਆਪਣੇ ਪੱਲੇ ਕੁੱਝ ਨਹੀਂ। ਇਹ ਨੀਤੀਆਂ ਕੀ ਹਨ ? ਇਹ ਸਾਧਾਰਨ ਬੰਦੇ ਦੀ ਸਮਝ ਤੋਂ ਬਾਹਰ ਹਨ। ਰਿਜ਼ਰਵ ਬੈਂਕ ਦੇ ਅੰਕੜੇ, ਵਿਦੇਸ਼ੀ ਮੁਦਰਾ ਦੇ ਅੰਕੜੇ ਤੇ ਹੋਰ ਤਕਨੀਕੀ ਸ਼ਬਦਾਵਲੀ ਵਾਲੇ ਅੰਕੜੇ ਸਾਧਾਰਨ ਬੰਦੇ ਦੀ ਸਮਝ ਤੋਂ ਬਾਹਰ ਦੀਆਂ ਗੱਲਾਂ ਹਨ ਪਰ ਇਕ ਗੱਲ ਸਾਫ਼ ਹੈ ਕਿ ਸਾਧਾਰਨ ਬੰਦਾ ਸਮੇਂ ਦੀ ਸਰਕਾਰ ਕੋਲੋਂ ਇਹ ਪੁੱਛਣ ਦਾ ਹੱਕ ਰੱਖਦਾ ਹੈ ਕਿ ਉਹਦੀ ਹਾਲਤ ਕਿਸ ਤਰ੍ਹਾਂ ਸੁਧਰੇਗੀ ? ਹੁਣ ਹਵਾ ਵਿਚ ਗੱਲਾਂ ਕਰਨ ਦੀ ਕੋਈ ਤੁੱਕ ਨਹੀਂ। ਪੰਜਾਬ ਦੀ ਹੀ ਗੱਲ ਲਈਏ, ਸੌ ਵਿਚੋਂ 19 ਲੋਕ ਸ਼ਹਿਰਾਂ ਅਤੇ ਕਸਬਿਆਂ ਵਿਚ ਰਹਿੰਦੇ ਹਨ, ਉਨ੍ਹਾਂ ਵਿਚੋਂ 5 ਹੀ ਹਨ, ਜੋ ਚੰਗੇ ਮਕਾਨਾਂ ਵਿਚ ਜਾਂ ਕੋਠੀਆਂ ਵਿਚ ਰਹਿੰਦੇ ਹਨ, ਬਾਕੀ 14 ਤੰਗ ਗਲੀਆਂ ਵਾਲੀਆਂ ਗੰਦੀਆਂ ਬਸਤੀਆਂ ਜਾਂ ਝੁੱਗੀ-ਝੌਂਪੜੀ ਵਿਚ ਰਹਿੰਦੇ ਹਨ, ਜਿੱਥੇ ਕੋਈ ਵੀ ਜੀਣ ਦੀਆਂ ਆਧੁਨਿਕ ਸਹੂਲਤਾਂ ਮੁਹੱਈਆ ਨਹੀਂ। 81 ਜੋ ਪਿੰਡਾਂ ਵਿਚ ਰਹਿੰਦੇ ਹਨ, ਉਨ੍ਹਾਂ ਵਿਚੋਂ 37 ਵਿਹੜਿਆਂ ਵਿਚ, 37 ਕੱਚੇ ਢਾਰਿਆਂ ਵਿਚ ਅਤੇ ਸਿਰਫ਼ 7 ਹੀ ਕਿਸੇ ਚੰਗੇ ਮਕਾਨ ਜਾਂ ਫਾਰਮ ਹਾਊਸ ਵਿਚ ਰਹਿੰਦੇ ਹਨ। ਕੋਈ ਵੀ ਆਰਥਕ ਨੀਤੀ ਚੱਲੇ, 100 ਵਿਚੋਂ 88 ਲੋਕ ਇਹ ਪੁੱਛਣ ਦਾ ਹੱਕ ਰੱਖਦੇ ਹਨ ਕਿ ਉਨ੍ਹਾਂ ਦੀ ਹਾਲਤ ਕਦੋਂ ਸੁਧਰੇਗੀ ? ਕਿੰਨੇ ਸਾਲ ਇਸ ਵਿਚ ਲੱਗ ਜਾਣਗੇ ?

ਲੋਕ ਪੂਰਾ ਕੰਮ ਕਰ ਰਹੇ ਹਨ, ਮਿਹਨਤ ਕਰ ਰਹੇ ਹਨ, ਖੇਤਾਂ ਵਿਚ ਫ਼ਸਲਾਂ ਉੱਗਾ ਰਹੇ ਹਨ, ਕਾਰਖ਼ਾਨਿਆਂ ਵਿਚ ਕੰਮ ਕਰ ਰਹੇ ਹਨ, ਬੱਚੇ ਵੀ ਹੁਣ ਬਹੁਤੇ ਪੈਦਾ ਨਹੀਂ ਕਰਦੇ, ਸਰਕਾਰ ਉਨ੍ਹਾਂ ਕੋਲੋਂ ਹੋਰ ਕੀ ਉਮੀਦ ਰੱਖਦੀ ਹੈ ? ਲੋੜ ਹੈ ਕਿ ਲੋਕ ਲਹਿਰਾਂ ਇਹੋ ਜਿਹੀਆਂ ਜਥੇਬੰਦ ਹੋਣ ਕਿ ਉਹ ਸਪਸ਼ਟ ਮੁੱਦਿਆਂ ਨੂੰ ਸੰਬੋਧਨ ਹੋਣ। ਯੂ.ਪੀ. ਦੀਆਂ ਚੋਣਾਂ ਖ਼ਤਮ ਹੋਈਆਂ ਤਾਂ ਮਾਇਆਵਤੀ ਇਕ ਮੁੱਦਾ ਬਣ ਕੇ ਉੱਭਰ ਆਈ, ਜਿਸ ਤਰ੍ਹਾਂ 14 ਕਰੋੜ ਅਬਾਦੀ ਦੇ ਇਕ ਪ੍ਰਾਂਤ ਵਿਚ ਲੋਕਾਂ ਲਈ ਕੋਈ ਹੋਰ ਮੁੱਦਾ ਨਹੀਂ। ਇਹ ਮੁੱਦਾ ਉੱਭਰਨਾ ਹੀ ਆਪਣੇ ਆਪ ਵਿਚ ਇਕ ਪਿਛਾਕੜ ਸਿਆਸਤ ਦੀ ਦੇਣ ਹੈ, ਇਹ ਗੱਲ ਲੋਕਾਂ ਨੂੰ ਸਮਝਣੀ ਚਾਹੀਦੀ ਹੈ। ਲੋਕ ਹਿਤੈਸ਼ੀ ਸਿਆਸਤ ਦਾ ਇਹ ਵੱਡਾ ਫ਼ਰਜ਼ ਬਣਦਾ ਹੈ ਕਿ ਲੋਕਾਂ ਨੂੰ ਸਹੀ ਸਵਾਲ ਪੁੱਛਣ ਅਤੇ ਉਨ੍ਹਾਂ ਦਾ ਜਵਾਬ ਲੈਣ ਲਈ ਜਾਗ੍ਰਿਤ ਕਰਨ। ਅਸਲ ਮੁੱਦੇ ਹੀ ਅੱਗੇ ਆਉਣੇ ਚਾਹੀਦੇ ਹਨ। ਝੋਨਾ ਮੰਡੀਆਂ ਵਿਚ ਰੁਲ ਰਿਹਾ ਹੈ। ਇਹਦੀ ਜ਼ਿੰਮੇਵਾਰੀ ਸਿੱਧੀ ਪ੍ਰਬੰਧਕੀ ਮਸ਼ੀਨਰੀ ਦੀ ਹੈ। ਪਹਿਲਾਂ ਹੀ ਪੂਰੀ ਤਰ੍ਹਾਂ ਪਤਾ ਹੈ ਕਿ ਕਿਤਨੀ ਮਿਕਦਾਰ ਵਿਚ ਝੋਨਾ ਪੈਦਾ ਹੋਣਾ ਹੈ। ਇਸ ਨੂੰ ਖਰੀਦਣ ਦਾ ਅਤੇ ਇਸ ਨੂੰ ਸਾਂਭਣ ਦਾ ਸਮੇਂ ਸਿਰ ਬੰਦੋਬਸਤ ਕਿਉਂ ਨਹੀਂ ਕੀਤਾ ਜਾਂਦਾ ? ਇਹ ਸਾਫ਼ ਹੈ ਕਿ ਇਸ ਲਈ ਨਹੀਂ ਕੀਤਾ ਜਾਂਦਾ ਕਿ ਸਰਕਾਰੀ ਅਫ਼ਸਰੀ ਢਾਂਚਾ ਲੋਕਾਂ ਦੀ ਸਹੂਲਤ ਵਾਲਾ ਕੋਈ ਪ੍ਰਬੰਧ ਚਲਾਉਣ ਵਿਚ ਯਕੀਨ ਹੀ ਨਹੀਂ ਰੱਖਦਾ। ਇਹ ਆਈ. ਏ. ਐਸ. ਅਫ਼ਸਰ ਉਂਝ ਤਾਂ ਲਿਆਕਤ ਦੇ ਲਿਹਾਜ਼ ਨਾਲ ਦੇਸ਼ ਦੀ ਕਰੀਮ ਗਿਣੇ ਜਾਂਦੇ ਹਨ, ਜੇ ਇਹ ਚਾਹੁਣ ਤਾਂ ਕੀ ਨਹੀਂ ਕਰ ਸਕਦੇ ? ਚੋਣਾਂ ਹੋਈਆਂ ਤਾਂ ਐਸਾ ਪ੍ਰਬੰਧ ਕੀਤਾ ਗਿਆ ਕਿ 54 ਕਰੋੜ ਲੋਕਾਂ ਨੇ ਵੋਟ ਪਾਈ ਤੇ ਸਾਰਾ ਕੰਮ ਸਫ਼ਲ ਤਰੀਕੇ ਨਾਲ ਸਿਰੇ ਚੜ੍ਹਾਇਆ ਗਿਆ। ਇਸ ਤਰ੍ਹਾਂ ਦੀ ਸਫ਼ਲਤਾ ਕਿਸਾਨ ਦੀ ਫ਼ਸਲ ਖਰੀਦਣ ਅਤੇ ਸਾਂਭਣ ਵੇਲੇ ਕਿਉਂ ਨਹੀਂ ਹਾਸਲ ਕੀਤੀ ਜਾ ਸਕਦੀ ? ਜਿਸ ਤਰ੍ਹਾਂ ਪਹਿਲਾਂ ਹੀ ਉਤੇ ਕਿਹਾ ਗਿਆ ਹੈ, ਲੋਕ ਹਿਤੈਸ਼ੀ ਸਿਆਸਤ ਨੂੰ ਇਨ੍ਹਾਂ ਮੁੱਦਿਆਂ ਵੱਲ ਸੰਬੋਧਤ ਹੋਣ ਦੀ ਬੜੀ ਸਖ਼ਤ ਜ਼ਰੂਰਤ ਹੈ। ਇਹ ਸਮੇਂ ਦੀ ਲੋੜ ਹੈ। ਲੋਕਾਂ ਦਾ ਸਵਾਲ ਪੁੱਛਣ ਦਾ ਹੱਕ ਬਣਦਾ ਹੈ।

**ਜਵਾਹਰ ਲਾਲ ਨਹਿਰੂ ਯੂਨੀਵਰਸਿਟੀ ਵਿਚ ਖੱਬੀ ਧਿਰ ਦੀ ਹਾਰ**

ਜਦੋਂ ਦੀ ਸਥਾਪਤ ਹੋਈ ਹੈ, ਉਥੇ ਵਿਦਿਆਰਥੀਆਂ ਵਿਚ ਵੀ ਅਤੇ ਅਧਿਆਪਕਾਂ ਵਿਚ ਵੀ ਮਾਰਕਸੀ ਸਿਧਾਂਤ ਹਾਵੀ ਰਿਹਾ ਹੈ। ਵਿਦਿਆਰਥੀ ਯੂਨੀਅਨ ਦੀ ਚੋਣ ਵਿਚ ਹਮੇਸ਼ਾ ਖੱਬੀ ਧਿਰ ਦੀ ਸਰਦਾਰੀ ਰਹੀ ਹੈ। ਇਸ ਵਾਰ ਭਾਰਤੀ ਜਨਤਾ ਪਾਰਟੀ ਦੀ ਵਿਦਿਆਰਥੀ ਜਥੇਬੰਦੀ ਏ.ਬੀ.ਵੀ.ਪੀ. (ਅਖਿਲ ਭਾਰਤੀ, ਵਿਦਿਆਰਥੀ ਪ੍ਰੀਸ਼ਦ) ਚੋਣ ਜਿੱਤ ਗਈ ਹੈ। ਸਾਫ਼ ਹੈ ਕਿ ਹਿੰਦੂਵਤਾ ਸਿਧਾਂਤ ਸੀ.ਪੀ.ਆਈ, ਵਾਦੀਆਂ ਦੇ ਹੱਥੋਂ ਮਾਰਕਸੀ ਸਿਧਾਂਤ ਵਾਲਿਆਂ ਨੂੰ ਹਾਰ ਹੋਈ ਹੈ। ਮਾਰਕਸੀ ਹਲਕਿਆਂ ਲਈ ਇਹ ਫਿਕਰ ਵਾਲੀ ਗੱਲ ਹੈ। ਕਾਰਨ ਇਹਦਾ ਇਕੋ ਹੀ ਹੋਇਆ ਕਿ ਖੱਬੀ ਧਿਰ ਦੀਆਂ ਵਿਦਿਆਰਥੀ ਜਥੇਬੰਦੀਆਂ ਆਪਸ ਵਿਚ ਪਾਟੀਆਂ ਹੋਈਆਂ ਸਨ ਤੇ ਉਨ੍ਹਾਂ ਦੀ ਵੋਟ ਏ.ਆਈ.ਐਸ.ਐਫ, ਐਸ. ਐਫ.ਆਈ. ਅਤੇ ਏ. ਆਈ.ਐਸ.ਏ. ਦੇ ਉਮੀਦਵਾਰਾਂ ਵਿਚ ਵੰਡੀ ਗਈ। ਇਹ ਵਿਦਿਆਰਥੀ ਜਥੇਬੰਦੀਆਂ ਸਿੱਧੇ ਤੌਰ ਤੇ ਸੀ.ਪੀ.ਆਈ. ਸੀ.ਪੀ.ਐਮ, ਸੀ.ਪੀ. ਐਮ. ਐਲ (ਲਿਬਰੇਸ਼ਨ) ਦੀਆਂ ਜਥੇਬੰਦੀਆਂ ਹਨ। ਇਹ ਨੋਟ ਕਰਨ ਵਾਲੀ ਗੱਲ ਹੈ ਕਿ ਇਹ ਪਾਰਟੀਆਂ ਬੁਰਜੂਆ ਸਿਆਸਤ ਨਾਲ ਜੁੜੀਆਂ ਪਾਰਟੀਆਂ ਨਾਲ ਤਾਂ ਸਮਝੌਤਾ ਕਰ ਸਕਦੀਆਂ ਹਨ ਪਰ ਆਪਸ ਵਿਚ ਇਹ ਦੁਸ਼ਮਣ ਹੀ ਰਹਿੰਦੀਆਂ ਹਨ। ਇਸ ਅਮਲ ਨਾਲ ਸਮੁੱਚੀ ਖੱਬੀ ਧਿਰ ਦਾ ਜੋ ਨੁਕਸਾਨ ਹੁੰਦਾ ਹੈ, ਉਹਦੇ ਬਾਰੇ ਫਿਕਰ ਜ਼ਰੂਰੀ ਹੈ।